بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜੰਗੇ ਬਦਰ ਦੇ ਹਾਲਾਤਾਂ ਅਤੇ ਕਿੱਸਿਆਂ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ੍ਹ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 07 ਜੁਲਾਈ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ اِيَّاكَ نَعۡبُدُ وَ اِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ اَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹੁਦ, ਤੌਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਪਿਛੱਲੇ ਖ਼ੁਤਬੇ ਵਿਚੱ ਮੱਕੇ ਵਾਲਿਆਂ ਉੱਤੇ ਮੁਸਲਮਾਨਾਂ ਦੇ ਰੋਹਬ ਬਾਰੇ, ਅਬੂ ਜਹਲ ਅਤੇ ਅਤਬਾ ਦੇ ਜੰਗ ਕਰਨ ਬਾਰੇ ਵਿਪਰੀਤ ਸੋਚ ਦਾ ਜ਼ਿਕਰ ਹੋਇਆ ਸੀ। ਫ਼ਿਰ ਅਬੂ ਜਹਲ ਦੇ ਮਿਹਣੇ ਕਰਕੇ ਅਤਬਾ ਨੇ ਜੰਗ ਦਾ ਐਲਾਨ ਵੀ ਕੀਤਾ ਅਤੇ ਇੰਝ ਪੱਕੇ ਤੌਰ ਉੱਤੇ ਜੰਗ ਸ਼ੁਰੂ ਹੋ ਗਈ।

ਅਤਬਾ ਬਿਨ ਰਬੀਆ ਆਪਣੇ ਭਰਾ ਸ਼ੈਬਾਅ ਬਿਨ ਰਬੀਆ ਅਤੇ ਆਪਣੇ ਪੁਤੱਰ ਵਲੀਦ ਬਿਨ ਅਤਬਾ ਦੇ ਵਿਚੱਕਾਰੋਂ ਤੁਰਦਾ ਹੋਇਆ ਨਿਕਲਿਆ ਅਤੇ ਸਫ਼ਾਂ ਦੇ ਅੱਗੇ ਨਿਕਲ ਕੇ ਮੁਕਾਬਲੇ ਲਈ ਸਦਿੱਆ। ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਤੋਂ ਰਵਾਯਤ ਬਿਆਨ ਕੀਤੀ ਜਾਂਦੀ ਹੈ ਕਿ ਇਸ ਉੱਤੇ ਅੰਨਸਾਰ ਦੇ ਕੁਝੱ ਨੌਜਵਾਨਾਂ ਦਾ ਅਤਬਾ ਨੂੰ ਉਤੱਰ ਦੇਣ ਉੱਤੇ ਉਸ ਨੇ ਪੁਛਿੱਆ ਕਿ ਤੁਸੀਂ ਕੌਣ ਹੋ ? ਉਨ੍ਹਾਂ ਦੇ ਦਸੱਣ ਉੱਤੇ ਉਸ ਨੇ ਕਿਹਾ ਕਿ ਸਾਨੂੰ ਤੁਹਾਡੇ ਤੋਂ ਕੋਈ ਮਤਲਬ ਨਹੀਂ। ਅਸੀਂ ਤਾਂ ਕੇਵਲ ਆਪਣੇ ਚਾਚੇ ਦੇ ਪੁਤੱਰਾਂ ਨਾਲ ਲੜਣਾ ਹੈ ਅਤੇ ਨਾਲ ਹੀ ਉੱਚੀ ਆਵਾਜ਼ ਵਿਚੱ ਪੁਕਾਰਿਆ : ਹੇ ਮੁੰਹਮਦ (ਸਲੱਲਾਹੋ ਅਲੈਹਿ ਵਸਲੱਮ) ਸਾਡੇ ਰਿਸ਼ਤੇਦਾਰਾਂ ਵਿੱਚੋਂ ਸਾਡੇ ਬਰਾਬਰ ਦੇ ਲੋਕਾਂ ਨੂੰ ਸਾਡੇ ਮੁਕਾਬਲੇ ਉੱਤੇ ਭੇਜੋ। ਤਦੱ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ : ਉਠੋ ਹੇ ਹਮਜ਼ਾ ! ਉਠੋ ਹੇ ਅਲੀ ! ਉਠੋ ਹੇ ਉਬੈਦਾ ਬਿਨ ਹਾਰਸ ! (ਹਮਜ਼ਾ ਆਪ ਦੇ ਚਾਚਾ ਸਨ ਅਤੇ ਬਾਕੀ ਦੋਵੇਂ ਚਾਚੇ ਦੇ ਪੁਤੱਰ)। ਹਮਜ਼ਾ ਉਤਬਾ ਵੱਲ੍ਹ ਵੱਧੇ। ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਕਹਿੰਦੇ ਹਨ : ਮੈਂ ਸ਼ੈਅਬਾ ਵੱਲ੍ਹ ਵਧਾ ਅਤੇ ਉਬੈਦਾ ਅਤੇ ਵਲੀਦ ਵਿਚੱ ਦੋ ਝੜਪਾਂ ਹੋਇਆਂ ਅਤੇ ਦੋਵਾਂ ਵਿੱਚੋਂ ਹਰ ਇਕੱ ਨੇ ਇਕੱ ਦੂਜੇ ਨੂੰ ਜ਼ਖ਼ਮੀ ਕਰ ਦਿੱਤਾ। ਫ਼ਿਰ ਅਸੀਂ ਵਲੀਦ ਵਲੱ ਹੋਏ ਅਤੇ ਉਸ ਨੂੰ ਮਾਰ ਦਿੱਤਾ ਅਤੇ ਉਬੈਦਾ ਨੂੰ ਅਸੀਂ ਚੁਕੱ ਕੇ ਲੈ ਗਏ। ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਅਲੀ ਨੇ ਆਪਣੇ ਵਿਰੋਧੀਆਂ ਨੂੰ ਮਾਰ ਦਿੱਤਾ।

ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਆਪਣੇ ਸਾਥੀ ਉਬੈਦਾ ਬਿਨ ਹਾਰਸ ਨੂੰ ਆਪਣੀ ਫ਼ੌਜ ਵਿਚੱ ਲੈ ਆਏ। ਉਹਨਾਂ ਦਾ ਪੈਰ ਕਟੱ ਚੁਕਿੱਆ ਸੀ। ਜਦੱ ਉਹਨਾਂ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਸੈਵਾ ਵਿਚੱ ਪੈਸ਼ ਕੀਤਾ ਗਿਆ ਤਾਂ ਉਹਨਾਂ ਨੇ ਕਿਹਾ : ਹੇ ਰਸੂਲੱਲਾਹ ਸਲੱਲਾਹੋ ਅਲੈਹਿ ਵਸਲੱਮ ! ਕੀ ਮੈਂ ਸ਼ਹੀਦ ਨਹੀਂ ਹਾਂ ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ : ਬੇਸ਼ਕੱ ਤੂੰ ਸ਼ਹੀਦ

ਹੈ। ਉਬੈਦਾ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਉਹਨਾਂ ਜ਼ਖ਼ਮਾਂ ਕਰਕੇ ਬਦਰ ਦੀ ਵਾਪਸੀ ਉੱਤੇ ਰਾਹ ਵਿਚੱ ਸਵਰਗਵਾਸ ਕਰ ਗਏ।

ਜਦੱ ਦੋਵੇਂ ਲਸ਼ਕਰ ਆਪਸ ਵਿਚੱ ਮਿਲ ਗਏ। ਅਰਥਾਤ ਸਖ਼ਤ ਲੜਾਈ ਹੋਣ ਲੱਗੀ ਤਾਂ ਅਬੂ ਜਹਲ ਨੇ ਦੁਆ ਕੀਤੀ ਕਿ ਹੇ ਰਬੱ ! ਸਾਡੇ ਵਿੱਚੋਂ ਜੋ ਕਰੀਬੀ ਰਿਸ਼ਤੇਦਾਰਾਂ ਨੂੰ ਤੋੜਦਾ ਅਤੇ ਅਜਿਹੀ ਗੱਲ੍ਹਾਂ ਬਿਆਨ ਕਰਦਾ ਹੈ ਜਿਹੜ੍ਹੀਆਂ ਅਸੀਂ ਪਹਿਲਾਂ ਕਦੇ ਨਹੀਂ ਸੁਣਿਆਂ, ਤਾਂ ਅਜੱ ਉਸ ਨੂੰ ਹਲਾਕ ਕਰਦੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ। ਮਾਲੂਮ ਹੁੰਦਾ ਹੈ ਕਿ ਅਬੂ ਜਹਲ ਨੂੰ ਇਹ ਯਕੀਨ ਸੀ ਕਿ ਜਿਵੇਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜ਼ਿੰਦਗੀ ਪਵਿਤੱਰ ਅਤੇ ਪਾਕ ਨਹੀਂ (ਨਾਊਜ਼-ਬਿਲਾੱਹ)। ਇਸੇ ਲਈ ਉਸ ਨੇ ਦਿਲ੍ਹ ਨਾਲ ਦੁਆ ਕੀਤੀ। ਪਰ ਇਸ ਦੁਆ ਦੇ ਬਾਦ ਸ਼ਾਇਦ ਇਕੱ ਘੰਟਾ ਵੀ ਜ਼ਿੰਦਾ ਨ ਰਿਹਾ ਅਤੇ ਰਬੱ ਦੇ ਕਹਿਰ ਨੇ ਉੱਥੇ ਹੀ ਉਸ ਦਾ ਸਰ ਵਡੱ ਕੇ ਸੁਟ ਦਿੱਤਾ ਅਤੇ ਜਿਨਾਂ ਦੇ ਪਾਕ ਜੀਵਨ ਉੱਤੇ ਉਹ ਦਾਗ਼ ਲਾਉਂਦਾ ਸੀ। ਉਹ ਇਸ ਮੈਦਾਨ ਤੋਂ ਜੇਤੂ ਵਾਪਸ ਗਏ।

ਮੁਸਲਮਾਨਾਂ ਦੇ ਸਾਮ੍ਹਣੇ ਉਨ੍ਹਾਂ ਤੋਂ ਤਿੰਨ ਗੁਣਾ ਵੱਡੀ ਜਮਾਅਤ ਜੋ ਜੰਗ ਦੇ ਹਰ ਕਿਸਮ ਦੇ ਸਮਾਨ ਨਾਲ ਸਜੱ ਕੇ ਇਸ ਇਰਾਦੇ ਨਾਲ ਮੈਦਾਨ ਵਿਚੱ ਨਿਕਲੀ ਸੀ ਕਿ ਇਸਲਾਮ ਦਾ ਨਾਂ ਮਿਟਾ ਦਿੱਤਾ ਜਾਵੇ। ਮੁਸਲਮਾਨ ਗਿਣਤੀ ਵਿਚੱ ਥੋੜ੍ਹੇ ਸਨ। ਪਰ ਜ਼ਿੰਦਾ ਈਮਾਨ ਨੇ ਉਨ੍ਹਾਂ ਦੇ ਅੰਦਰ ਇਕੱ ਤਾਕਤ ਭਰ ਦਿੱਤੀ ਸੀ। ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਬਿਨ ਖ਼ਤਾਬ ਦੇ ਆਜ਼ਾਦ ਕੀਤੇ ਗ਼ੁਲਾਮ ਹਜ਼ਰਤ ਮਹਜਆ ਰਜ਼ੀ ਅੱਲਾਹ ਅੰਨਹੋ ਨੂੰ ਇਕੱ ਤੀਰ ਦਾ ਨਿਸ਼ਾਨਾ ਬਣਾਇਆ ਗਿਆ। ਜਿਸ ਨਾਲ ਉਹ ਸ਼ਹੀਦ ਹੋ ਗਏ। ਇਹ ਮੁਸਲਮਾਨਾਂ ਦੇ ਪਹਿਲੇ ਵਿਅਕਤੀ ਸਨ, ਜੋ ਸ਼ਹੀਦ ਹੋਏ।

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੋ ਅਜੱ ਦੇ ਦਿਨ ਸਬਰ ਨਾਲ ਸਵਾਬ ਸਮਝ ਕੇ ਜੰਗ ਕਰੇਗਾ ਅਤੇ ਭੱਜੇਗਾ ਨਹੀਂ। ਰਬੱ ਉਸ ਨੂੰ ਸਵਰਗ ਵਿਚੱ ਦਾਖ਼ਲ ਕਰੇਗਾ। ਇਹ ਸੁਣ ਕੇ ਉਮੈਰ ਬਿਨ ਹਮਾਮ ਰਜ਼ੀ ਅੱਲਾਹ ਅੰਨਹੋ ਨੇ ਜੋ ਬਨੀ ਸਲਮਾ ਵਿੱਚੋਂ ਸਨ ਕਿਹਾ (ਇਸ ਸਮੇਂ ਉਹਨਾਂ ਦੇ ਹਥੱ ਵਿਚੱ ਕੁਝੱ ਖਜੂਰਾਂ ਵੀ ਸਨ। ਜੋ ਉਹ ਖਾ ਰਹੇ ਸਨ) ਵਾਹ ਵਾਹ ! ਮੇਰੇ ਅਤੇ ਸਵਰਗ ਵਿਚੱ ਬਸ ਇਹੀ ਦੂਰੀ ਹੈ ਕਿ ਇਹ ਲੋਕ ਮੈਨੂੰ ਕਤਲ ਕਰ ਦੇਣ ਅਤੇ ਫ਼ਿਰ ਆਪਣੀ ਤਲਵਾਰ ਫ਼ੜ ਕੇ ਇੱਥੇ ਤਕੱ ਲੜ੍ਹੇ ਕਿ ਸ਼ਹੀਦ ਹੋ ਗਏ। ਹਜ਼ੂਰੇ ਅਨਵਰ ਨੇ ਫ਼ਰਮਾਇਆ : ਅਫ਼ਰਾਅ ਦੇ ਬੇਟੇ ਓਫ਼ ਬਿਨ ਹਾਰਸ ਨੇ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੂੰ ਕਿਹਾ : ਹੇ ਰਸੂਲੱਲਾਹ ਸਲੱਲਾਹੋ ਅਲੈਹਿ ਵਸਲੱਮ ! ਰਬੱ ਆਪਣੇ ਬੰਦੇ ਦੀ ਕਿਸ ਗਲ੍ਹੱ ਤੋਂ ਖ਼ੁਸ਼ ਹੁੰਦਾ ਹੈ ? ਫ਼ਰਮਾਇਆ : ਦੁਸ਼ਮਨ ਨੂੰ ਜੰਗੀ ਸਮਾਨ ਤੋਂ ਖ਼ਾਲੀ ਹੋ ਕੇ ਕਤਲ ਕਰਨ ਨਾਲ, ਇਸ ਉੱਤੇ ਉਹਨਾਂ ਨੇ ਆਪਣਾ ਜੰਗੀ ਸਮਾਨ ਉਤਾਰ ਕੇ ਸੁਟੱ ਦਿੱਤਾ ਅਤੇ ਬਹੁਤ ਸਾਰੇ ਕਾਫ਼ਰਾਂ ਨੂੰ ਕਤਲ ਕਰਨ ਦੇ ਬਾਦ ਆਪ ਵੀ ਸ਼ਹੀਦ ਹੋ ਗਏ।

ਜੰਗੇ ਦੇ ਅੰਤ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਕਤਲ ਹੋਣ ਵਾਲਿਆਂ ਦੇ ਵਿਚੱਕਾਰ ਖੜੇ ਹੋਏ ਅਤੇ ਅਬੂ ਜਹਲ ਨੂੰ ਲਭੱਣਾ ਸ਼ੁਰੂ ਕੀਤਾ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਉਸ ਨੂੰ ਨ ਪਾਇਆ ਤਾਂ ਇਹ ਦੁਆ ਕੀਤੀ ਕਿ ਹੇ ਰੱਬ ! ਤੂੰ ਮੈਨੂੰ ਇਸ ਉਮੱਤ ਦੇ ਫ਼ਿਰਓਨ ਦੇ ਮੁਕਾਬਲੇ ਉੱਤੇ ਹਰਾ ਨ ਦੇਈਂ। ਹਜ਼ਰਤ ਅਬਦੁੱਲਾਹ ਬਿਨ ਮਸਊਦ ਰਜ਼ੀ ਅੱਲਾਹ ਅੰਨਹੋ ਨੇ ਅਬੂ ਜਹਲ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਆਦੇਸ਼ ਅਨੁਸਾਰ ਗੋਡੇ ਦੇ ਜ਼ਖ਼ਮ ਦੀ ਨਿਸ਼ਾਨੀ ਨਾਲ ਪਛਾਣ ਕੇ ਜ਼ਖ਼ਮੀ ਹਾਲਤ ਵਿਚੱ ਲਭੱ ਲਿਆ। ਉਸ ਵਿਚੱ ਕੁਝੱ ਜ਼ਿੰਦਗੀ ਦੀ ਉਮੀਦ

ਬਾਕੀ ਸੀ। ਆਪ ਰਜ਼ੀ ਅੱਲਾਹ ਅੰਨਹੋ ਦੇ ਪੁਛੱਣ ਉੱਤੇ ਉਸ ਨੇ ਇਸ ਇੱਛਾ ਦਾ ਪ੍ਰਕਟਾਵਾ ਕੀਤਾ ਕਿ ਮੇਰੀ ਗਰਦਨ ਲੰਮੀ ਕਰਕੇ ਕੱਟੋ। ਉਹਨਾਂ ਨੇ ਕਿਹਾ ਕਿ ਮੈਂ ਤੇਰੀ ਇਸ ਇੱਛਾ ਨੂੰ ਵੀ ਪੂਰਾ ਨ ਹੋਣ ਦਿਆਂਗਾ ਅਤੇ ਗਰਦਨ ਨੂੰ ਛੋਟੀ ਕਰਕੇ ਵਖੱ ਕਰਕੇ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ ਸੇਵਾ ਵਿਚੱ ਲਿਆ ਕੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਪੈਰ੍ਹਾਂ ਵਿਚੱ ਪਾ ਦਿੱਤਾ ਤਾਂ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਰਬੱ ਦਾ ਸ਼ੁਕੱਰ ਅਦਾ ਕੀਤਾ ਅਤੇ ਫ਼ਰਮਾਇਆ : ਰਬੱ ਹੀ ਉਹ ਪਾਕ ਜ਼ਾਤ ਹੈ। ਜਿਸ ਤੋਂ ਬਿਨਾਂ ਕੋਈ ਪੂਜਣ ਯੋਗ ਨਹੀਂ। ਇਕੱ ਰਵਾਯਤ ਵਿਚੱ ਹੈ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਇਹ ਵੀ ਦੁਆ ਮੰਗੀ ਕਿ ਹੇ ਰਬੱ ! ਇੰਝ ਨ ਹੋਵੇ ਕਿ ਉਹ ਤੇਰੀ ਪਕੜ ਵਿੱਚੋਂ ਨਿਕਲ ਜਾਵੇ। ਹਜ਼ਰਤ ਕਤਾਦਹ ਰਜ਼ੀ ਅੱਲਾਹ ਅੰਨਹੋ ਤੋਂ ਰਵਾਯਤ ਹੈ : ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਹਰ ਉਮੱਤ ਦਾ ਫ਼ਿਰਓਨ ਹੁੰਦਾ ਹੈ। ਇਸ ਉਮੱਤ ਦਾ ਫ਼ਿਰਓਨ ਅਬੂ ਜਹਲ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਅਬੂ ਜਹਲ ਨੂੰ ਫ਼ਿਰਓਨ ਕਿਹਾ ਗਿਆ ਹੈ। ਪਰ ਮੇਰੇ ਨਜ਼ਦੀਕ ਤਾਂ ਉਹ ਫ਼ਿਰਓਨ ਤੋਂ ਵਧੱ ਕੇ ਹੈ। ਫ਼ਿਰਓਨ ਨੇ ਤਾਂ ਅੰਤ ਵਿਚੱ ਕਿਹਾ ਕਿ ਮੈਂ ਈਮਾਨ ਲਿਆਉਣਾ ਕਿ ਕੋਈ ਪੂਜਣ ਯੋਗ ਨਹੀਂ। ਪਰ ਉਹ ਜਿਸ ਉੱਤੇ ਬਨੀ ਇਸਰਾਈਲ ਈਮਾਨ ਲਾਈ ਹੈ। ਪਰ ਇਹ ਅੰਤ ਤਕੱ ਈਮਾਨ ਨ ਲਿਆਇਆ। ਮੱਕੇ ਵਿਚੱ ਸਾਰਾ ਫ਼ਸਾਦ ਉਸੇ ਦਾ ਸੀ ਅਤੇ ਵੱਡਾ ਹਓਮੇ ਵਾਲਾ ਅਤੇ ਸਵੈ ਪਸੰਦ ਅਤੇ ਵਡਿੱਆਈ ਅਤੇ ਇਜ਼ੱਤ ਚਾਹੁਣ ਵਾਲਾ ਸੀ।

ਹਜ਼ਰਤ ਈਮਾਮ ਰਾਜ਼ੀ ਰਹਿਮਾਹੁੱਲਾਹ ਸੂਰਤੁਲੱ ਅਨਫ਼ਾਲ ਦੀ ਆਇਤ وَمَارَمَيتَاِذرَمَيتَ ਦੀ ਤਫ਼ਸੀਰ ਬਿਆਨ ਕਰਦੇ ਹੋਏ ਲਿਖੱਦੇ ਹਨ ਕਿ ਜਦੱ ਕੁਰੈਸ਼ ਨੇ ਚੜ੍ਹਾਈ ਕੀਤੀ ਤਾਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਦੁਆ ਕੀਤੀ ਕਿ ਹੇ ਰਬੱ ! ਇਹ ਕੁਰੈਸ਼ ਕਬੀਲਾ ਆਪਣੇ ਘੋੜ੍ਹਿਆਂ ਅਤੇ ਮਾਣ ਦੇ ਸਮਾਨ ਨਾਲ ਇਸ ਹਾਲਤ ਵਿਚੱ ਆਇਆ ਕਿ ਉਹ ਤੇਰੇ ਰਸੂਲ ਦਾ ਇੰਨਕਾਰ ਕਰ ਰਹੇ ਹਨ। ਹੇ ਰਬੱ ! ਮੈਂ ਤੇਰੇ ਤੋਂ ਉਹ ਚੀਜ਼ ਮੰਗਦਾ ਹਾਂ। ਜਿਸ ਦਾ ਤੂੰ ਮੈਥੋਂ ਵਚਨ ਕੀਤਾ ਹੈ। ਤਦੱ ਜਿਬਰਾਈਲ ਆਏ ਅਤੇ ਕਿਹਾ : ਹੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ! ਮੁੱਠੀ ਭਰ ਮਿੱਟੀ ਲਓ ਅਤੇ ਉਹਨਾਂ ਕੁੱਫ਼ਾਰ ਵਲੱ ਸੁਟੱ ਦਿਓ। ਜਦੱ ਦੋਵੇਂ ਲਸ਼ਕਰਾਂ ਦਾ ਮੁਕਾਬਲਾ ਹੋਇਆ। ਤਦੱ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਮੁੱਠੀ ਭਰ ਕੰਕਰ ਕੁੱਫ਼ਾਰ ਵਲੱ ਸੁਟੱ ਦਿੱਤੇ। ਤਦੱ ਮੁਸ਼ਰਿਕ ਆਪਣੀਆਂ ਅੱਖਾਂ ਮਲਣ ਲੱਗੇ। ਜਿਸ ਦੇ ਨਤੀਜੇ ਵਿਚੱ ਉਹ ਹਾਰ ਗਏ। ਫ਼ਿਰ ਰਬੱ ਫ਼ਰਮਾਉਂਦਾ ਹੈ : ਕੰਕਰਿਆਂ ਨਾਲ ਭਰੀ ਹੋਈ ਮੁੱਠੀ ਜਿਸ ਨੂੰ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਸੁਟਿੱਆ ਸੀ। ਅਸਲ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਉਸ ਨੂੰ ਨਹੀਂ ਸੁਟਿੱਆ ਸੀ। ਕਿਉਂਕਿ ਆਪ ਸਲੱਲਾਹੋ ਅਲੈਹਿ ਵਸਲੱਮ ਦਾ ਸੁਟੱਣਾ ਇਕੱ ਮਨੁਖੱ ਦੇ ਸੁਟੱਣ ਤੋਂ ਵਧੱ ਪ੍ਰਭਾਵੀ ਨਹੀਂ ਹੋ ਸਕਦਾ ਹੈ। ਸਗੋਂ ਰਬੱ ਨੇ ਉਸ ਨੂੰ ਸੁਟਿੱਆ ਹੈ। ਜਿਸ ਦੇ ਨਤੀਜੇ ਵਿਚੱ ਇਸ ਮਿੱਟੀ ਦੇ ਕਣ ਉਹਨਾਂ ਦੀ ਅੱਖਾਂ ਤਕੱ ਪਹੁੰਚ ਗਏ ਤਾਂ ਇਹ ਸੁਟੱਣਾ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਤੋਂ ਹੋਇਆ। ਪਰ ਇਸ ਦਾ ਪ੍ਰਭਾਵ ਰਬੱ ਵਲੋਂ ਹੋਇਆ।

ਹਜ਼ਰਤ ਜਿਬਰਾਈਲ ਅਲੈਹਿ ਸਲਾਮ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਪਾਸ ਆਏ ਅਤੇ ਕਿਹਾ ਆਪ ਸਲੱਲਾਹੋ ਅਲੈਹਿ ਵਸਲੱਮ ਮੁਸਲਮਾਨਾਂ ਵਿਚੱ ਬਦਰ ਵਾਲਿਆਂ ਨੂੰ ਕੀ ਪਦਵੀ ਦਿੰਦੇ ਹਨ ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ : ਸ਼ਾਨਦਾਰ ਮੁਸਲਮਾਨ ਜਾਂ ਅਜਿਹਾ ਹੀ ਕੋਈ ਕਲਮਾ ਫ਼ਰਮਾਇਆ। ਜਿਬਰਾਈਲ ਅਲੈਹਿ ਸਲਾਮ ਨੇ ਕਿਹਾ ਇੰਝ ਉਹ ਫ਼ਰਿਸ਼ਤੇ ਵੀ ਸਰਵੋਤਮ ਹਨ। ਜੋ ਬਦਰ ਦੀ ਜੰਗ ਵਿਚੱ ਸ਼ਾਮਿਲ ਹੋਏ।

ਕੁਝੱ ਲੋਕਾਂ ਦੇ ਖ਼ਿਆਲ ਕਿ ਫ਼ਰਿਸ਼ਤੀਆਂ ਦਾ ਆਉਣਾ ਕੇਵਲ ਮੋਮਿਨਾਂ ਲਈ ਖ਼ੁਸ਼ਖ਼ਬਰੀ ਵੱਜੋਂ ਸੀ। ਨਹੀਂ ਤਾਂ ਫ਼ਰਿਸ਼ਤੇ ਜੰਗ ਵਿਚੱ ਸ਼ਾਮਿਲ ਨਹੀਂ ਹੋਏ। ਹਜ਼ੂਰੇ ਅਨਵਰ ਨੇ ਇਸ ਤਸਵੀਰ ਨੂੰ ਸਹੀ ਹਦੀਸਾਂ ਦੇ ਉਲਟ ਕਰਾਰ ਦਿੱਤਾ ਅਤੇ ਫ਼ਰਮਾਇਆ : ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਮਦਦ ਲਈ ਤਾਂ ਇਕੱ ਹੀ ਫ਼ਰਿਸ਼ਤਾ ਕਾਫ਼ੀ ਸੀ ਤਾਂ ਹਜ਼ਾਰਾਂ ਫ਼ਰਿਸ਼ਤੇ ਕਿਉਂ ਉਤਾਰੇ ਗਏ। ਈਮਾਮ ਇਬਨੇ ਕਸੀਰ ਲਿਖੱਦੇ ਹਨ ਕਿ ਰਬੱ ਵੱਲੋਂ ਫ਼ਰਿਸ਼ਤੀਆਂ ਦਾ ਆਉਣਾ ਅਤੇ ਮੁਸਲਮਾਨਾਂ ਨੂੰ ਇਸ ਦੀ ਖ਼ਬਰ ਖ਼ੁਸ਼ਖ਼ਬਰੀ ਵੱਜੋਂ ਸੀ। ਨਹੀਂ ਤਾਂ ਰਬੱ ਇਸ ਤੋਂ ਬਿਨਾਂ ਵੀ ਆਪਣੇ ਵਿਰੋਧੀਆਂ ਦੇ ਖ਼ਿਲਾਫ਼ ਮੁਸਲਮਾਨਾਂ ਦੀ ਮਦਦ ਕਰ ਸਕਦਾ ਸੀ।

ਜਦੱ ਖੁੱਲ੍ਹੀ ਜੰਗ ਸ਼ੁਰੂ ਹੋਈ ਤਾਂ ਕੁਝੱ ਸਮੇਂ ਬਾਦ ਮੁਸ਼ਰਿਕਾਂ ਦੇ ਲਸ਼ਕਰ ਵਿਚੱ ਹਾਰ ਅਤੇ ਬੇਚੈਨੀ ਦੇ ਨਿਸ਼ਾਨ ਪ੍ਰਕਟ ਹੋ ਗਏ। ਉਹਨਾਂ ਦੀਆਂ ਸਫ਼ਾਂ ਮੁਸਲਮਾਨਾਂ ਦੇ ਲਗਾਤਾਰ ਹਮਲਿਆਂ ਨਾਲ ਬਰਬਾਦ ਹੋ ਗਈਆਂ। ਉਹਨਾਂ ਵਿਚੱ ਨਸੱਣ ਦੀ ਤਿਆਰੀ ਸ਼ੁਰੂ ਹੋ ਗਈ। ਮੁਸਲਮਾਨਾਂ ਨੇ ਉਹਨਾਂ ਦਾ ਪਿੱਛਾ ਕੀਤਾ ਅਤੇ ਉਹਨਾਂ ਨੂੰ ਵੱਡੀ ਹਾਰ ਹੋਈ

ਇਹ ਲੜਾਈ ਮੁਸ਼ਰਿਕਾਂ ਦੀ ਹਾਰ ਅਤੇ ਮੁਸਲਮਾਨਾਂ ਦੀ ਖੁੱਲੀ ਖੁੱਲੀ ਜਿਤੱ ਉੱਤੇ ਖਤਮ ਹੋਈ ਅਤੇ ਇਸ ਵਿਚੱ 14 ਮੁਸਲਮਾਨ (06 ਮੁਹਾਜਿਰ ਅਤੇ 08 ਅੰਨਸਾਰ) ਸ਼ਹੀਦ ਹੋਏ। ਪਰ ਮੁਸ਼ਰਿਕਾਂ ਨੂੰ ਭਾਰੀ ਨੁਕਸਾਨ ਚੁਕੱਣਾ ਪਿਆ। ਉਹਨਾਂ ਦੇ 70 ਆਦਮੀ ਮਾਰੇ ਗਏ ਅਤੇ 70 ਕੈਦੀ ਬਣਾਏ ਗਏ। ਜੋ ਆਮ ਤੌਰ ਉੱਤੇ ਲੀਡਰ, ਸਰਦਾਰ ਅਤੇ ਵੱਡੇ ਵੱਡੇ ਆਗੂ ਸਨ।

ਖ਼ੁਤਬੇ ਦੇ ਅੰਤ ਵਿਚੱ ਹਜ਼ੂਰੇ ਅਨਵਰ ਨੇ ਫ਼ਰਮਾਇਆ : ਕੁਝੱ ਦੁਆਵਾਂ ਬਾਰੇ ਵੀ ਬਿਆਨ ਕਰਨਾ ਚਾਹੁਣਾ। ਫ਼ਲਸਤੀਨ ਦੇ ਮੁਸਲਮਾਨਾਂ ਲਈ ਵੀ ਦੁਆ ਕਰੋ। ਉਨਾਂ ਨੂੰ ਅਜਿਹੇ ਲੀਡਰ ਮਿਲ ਜਾਣ। ਜੋ ਉਹਨਾਂ ਦਾ ਹਕੱ ਅਦਾ ਕਰਨ ਵਾਲੇ ਹੋਣ। ਮੁਸਲਮਾਨ ਜੇਕਰ ਇਕੱ ਹੋ ਜਾਣ ਤਾਂ ਇਹਨਾਂ ਮੁਸ਼ਕਿਲਾਂ ਤੋਂ ਨਿਕਲ ਸਕਦੇ ਹਨ।

ਇੰਝ ਹੀ ਸੁਵੀਡਨ ਵਿਚੱ ਅਤੇ ਕੁਝੱ ਹੋਰ ਦੇਸ਼ਾਂ ਵਿਚੱ ਵੀ ਜੋ ਸੋਚ ਦੀ ਆਜ਼ਾਦੀ ਅਤੇ ਧਰਮ ਦੀ ਆਜ਼ਾਦੀ ਦੇ ਨਾਂ ਉੱਤੇ ਗ਼ਲਤ ਕੰਮ ਕਰਨ ਵਾਲਿਆਂ ਨੂੰ ਖੁੱਲੀ ਛੁੱਟੀ ਮਿਲੀ ਹੋਈ ਹੈ ਅਤੇ ਇਸ ਬਹਾਨੇ ਨਾਲ ਜੋ ਮੁਸਲਮਾਨਾਂ ਦੇ ਜਜਬਾਤ ਨਾਲ ਖੇਲ ਕਰ ਕੁਝੱ ਨ ਕੁਝੱ ਅਜਿਹੀਆਂ ਹਰਕਤਾਂ ਕਰਦੇ ਹਨ। ਜੋ ਮੁਸਲਮਾਨਾਂ ਦੇ ਜਜਬਾਤ ਨੂੰ ਤਕਲੀਫ਼ ਪਹੁੰਚਾਉਣ ਵਾਲੇ ਹਨ। ਰਬੱ ਹੀ ਉਹਨਾਂ ਦੀ ਪਕੜ ਦਾ ਸਮਾਨ ਕਰੇ।

ਫ਼ਿਰ ਫ਼ਰਾਂਸ ਵਿਚੱ ਜੋ ਹਾਲਾਤ ਹਨ। ਇੱਥੇ ਵੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੁਸਲਮਾਨਾਂ ਦਾ ਜਵਾਬ ਵੀ ਗ਼ਲਤ ਹੈ। ਮੁਸਲਮਾਨਾਂ ਨੂੰ ਆਪਣੇ ਕਰਮ ਇਸਲਾਮੀ ਸਿਖਿੱਆ ਅਨੁਸਾਰ ਕਰਨੇ ਹੋਣਗੇ ਜਦੱ ਮੁਸਲਮਾਨਾਂ ਦੀ ਕਰਨੀ ਅਤੇ ਕਥਨੀ ਇਸਲਾਮੀ ਸਿਖਿੱਆ ਅਨੁਸਾਰ ਹੋਣਗੇ ਤਾਂ ਤਦੱ ਹੀ ਕਾਮਯਾਬੀਆਂ ਵੀ ਮਿਲਣਗੀਆਂ। ਮੈਂ ਕਈ ਵਾਰ ਕਿਹਾ ਹੈ ਕਿ ਸੰਸਾਰ ਬਹੁਤ ਵੱਡੀ ਤਬਾਹੀ ਵਲੱ ਜਾ ਰਿਹਾ ਹੈ। ਰਬੱ ਰਹਿਮ ਕਰੇ।

ਇੰਝ ਹੀ ਪਾਕਿਸਤਾਨ ਵਿਚੱ ਜੋ ਅਹਮਦੀ ਹਨ। ਉਹਨਾਂ ਲਈ ਵੀ ਬਹੁਤ ਦੁਆ ਕਰੋ। ਰਬੱ ਉਹਨਾਂ ਨੂੰ ਵੀ ਹਰ ਮੁਸ਼ਕਿਲ ਤੋਂ ਬਚਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ
یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔